# Sample Paper 5

**1. ਸਹੀ ਵਿਕਲਪ ਚੁਣੋ**

**I.** $\frac{-3}{4} \times \left\{\frac{2}{3} + \left(\frac{-5}{6}\right)\right\} = \frac{-3}{4}\times\frac{2}{3}+\left(\frac{-3}{4}\right) \times\left(\frac{-5}{6}\right)$ ਵਿੱਚ ਕਿਹੜਾ ਗੁਣ ਦਰਸ਼ਾਇਆ ਗਿਆ ਹੈ?

a. ਜੋੜ ਦਾ ਸਹਿਚਾਰਤਾ

b. ਗੁਣਾ ਦਾ ਸਹਿਚਾਰਤਾ

c. ਗੁਣਾ ਦੀ ਜੋੜ ਤੇ ਵੰਡਣਸ਼ੀਲਤਾ

d. ਗੁਣਾ ਦੀ ਘਟਾ ਦੇ ਵੰਡਣਸ਼ੀਲਤਾ

**II.** ਸਮੀਕਰਨ $2x - 3 = x - 2$ ਵਿੱਚ $x =$

a. 1 b. -1

c. 5 d. -5

**III.** ਸਮਾਂਤਰ ਚਤੁਰਭੁਜ ਦੇ ਲਾਗਵੇਂ ਕੋਣਾਂ ਦਾ ਜੋੜ ਕਿੰਨਾ ਹੁੰਦਾ ਹੈ?

a. $90^0$ b. $180^0$

c. $100^0$ d. $120^0$

**IV.** 300 ਦੇ ਵਰਗ ਵਿੱਚ ਸਿਫਰਾਂ ਦੀ ਗਿਣਤੀ ਦੱਸੋ।

a. 4 b. 2

c. 1 d. 3

**V.** 97 ਵਿੱਚ ਕਿਹੜੀ ਛੋਟੀ ਤੋਂ ਛੋਟੀ ਸੰਖਿਆ ਜੋੜੀਏ ਕਿ ਇਹ ਪੂਰਨ ਵਰਗ ਬਣ ਜਾਵੇ?

a. 2 b. 1

c. 4 d. 3

**VI.** $7^3-6^3 =$

a. 127 b. 397

c. 117 d. 217

**VII.** ATM ਦਾ ਮਤਲਬ ਦੱਸੋ।

a. automated teller machine

b. auto telling machine

c. auto teller machine

d. automated telling machine

**VIII.** $x \times x^3 \times x^4 \times x^5 =$

a. $x^{15}$ b. $x^{14}$

c. $x^{12}$ d. $x^{13}$

**IX.** ਸਮ ਚਤੁਰਭੁਜ ਦਾ ਖੇਤਰਫਲ ਪਤਾ ਕਰੋ ਜਿਸਦੇ ਵਿਕਰਨ 10 ਸੈਮੀ ਅਤੇ 8 ਸੈਮੀ ਹਨ।

a. 80 ਸੈ ਮੀ$^2$ b. 24 ਸੈ ਮੀ$^2$

c. 100ਸੈ ਮੀ$^2$ d. 40ਸੈ ਮੀ$^2$

**X.** ਸਿਲੰਡਰ ਦਾ ਆਇਤਨ

a. $\pi r^2 h$ b. $2\pi rh$

c. $\pi r^3 h$ d. $2\pi r^2 h$

**XI.** $2^0 + 3^0 + 4^0 =$

a. 1 b. 2

c. 0 d. 3

**XII.** $3\times10^{-5} =$

a. .0003 b. 0.000003

c. 0.00003 d. 300000

**XIII.** $4x^2 - 12xy =$

a. $4x(x^2 - 3y)$ b. $4x(x - 3y)$

c. $4(x^2 - 3y)$ d. $4x^2(x - 3y)$

come-become-educated Abhyaas

XIV. $(5x^2 - 20x) \div 10x$

a. $2x^2 - 1$ b. $\frac{x}{2} - 2$

c. $\frac{x^2}{2} - 2$ d. $2x^2 - x$

XV. ਬਿੰਦੂ (6,5) ਦੀ x-ਧੁਰੇ ਤੋਂ ਦੂਰੀ ਦੱਸੋ।

a. 6 b. 1

c. 5 d. 11

XVI. $\frac{-5}{6}$ ਦਾ ਗੁਣਾਤਮਕ ਤਤਸਮਕ ਦੱਸੋ।

a. $\frac{5}{6}$ b. $\frac{-6}{5}$

c. 0 d. 1

2. **ਖਾਲੀ ਸਥਾਨ ਭਰੋ**

I. 2x ਅਤੇ 8, ਸਮਾਂਤਰ ਚਤੁਰਭੁਜ ਦੇ ਵਿਕਰਨ ਦੇ ਦੋ ਹਿੱਸੇ ਹਨ ਤਾਂ x =.......

II. ਇੱਕ ਪਾਸੇ ਨੂੰ ਇੱਕ ਵਾਰੀ ਉਛਾਲਣ ਤੇ ਜਿਸਤ ਸੰਖਿਆ ਆਉਣ ਦੀ ਸੰਭਾਵਨਾ ...... ਹੈ।

III. $6^2$ ਅਤੇ $7^2$ ਦੇ ਵਿਚਕਾਰ .......... ਕੁਦਰਤੀ ਸੰਖਿਆਵਾਂ ਹਨ।

IV. 125 ਦਾ ਘਣਮੂਲ ........... ਹੈ।

V. 15 ਰੁਪਏ ਦਾ 80 ਪੈਸਿਆਂ ਨਾਲ ਅਨੁਪਾਤ ......... ਹੈ।

VI. $\left(\frac{2}{3}\right)^{-3}$ = = .............

VII. ਬਿੰਦੂ (3,6) ਦਾ ਕੋਟੀ ........... ਹੈ।

3. **ਸਹੀ ਗਲਤ ਚੁਣੋ**

I. 2x-3=5 ਇੱਕ ਚਲ ਵਿੱਚ ਰੇਖੀ ਸਮੀਕਰਨ ਹੈ।

II. ਸਮ ਚਤੁਰਭੁਜ ਦੇ ਵਿਕਰਨ ਬਰਾਬਰ ਹੁੰਦੇ ਹਨ।

III. ਗੋਲ ਨਕਸ਼ੇ ਵਿੱਚ ਸਾਰੇ ਕੇਂਦਰੀ ਕੋਣਾਂ ਦਾ ਜੋੜ $360^0$ ਹੁੰਦਾ ਹੈ।

IV. ਵਿਅੰਜਕ $3x - 2y + 5$ ਇੱਕ ਤਿੰਨ ਪਦੀ ਹੈ।

V. ਘਣਾਵ ਦੀ ਪਾਸਵੀਂ ਸਤਾ ਦਾ ਖੇਤਰਫਲ $2(l + b)$ ਹੈ।

VI. ਜੇ $x$ ਅਤੇ $y$ ਉਲਟੇ ਸਮਾਨ ਅਨੁਪਾਤ ਵਿੱਚ ਹਨ ਤਾਂ $xy = k$ ਹੈ।

VII. $3x^2 - 15xy = 3x(x - 5y)$

4. ਹੱਲ ਕਰੋ $\frac{-5}{4} \times \frac{8}{5} + (\frac{-5}{4}) \times \frac{16}{5}$

5. 9.61 ਵਰਗ ਮੂਲ ਪਤਾ ਕਰੋ।

6. 5832 ਦਾ ਘਣ ਮੂਲ ਪਤਾ ਕਰੋ।

come-become-educated
Abhyaas

7. $\left(\frac{5}{6}\right)^7 \times \left(\frac{6}{5}\right)^3$ ਨੂੰ ਹੱਲ ਕਰੋ।

8. ਹੱਲ ਕਰੋ $\frac{3a}{4} - \frac{a-1}{2} = \frac{a-2}{3}$

**ਜਾਂ** 34 ਨੂੰ ਅਜਿਹੇ ਦੋ ਭਾਗਾਂ ਵਿੱਚ ਵੰਡੋ ਕਿ ਪਹਿਲੇ ਭਾਗ ਦਾ $\frac{4}{7}$ ਦੂਜੇ ਭਾਗ ਦੇ $\frac{2}{5}$ ਦੇ ਬਰਾਬਰ ਹੈ।

9. ਇੱਕ ਸਮਾਂਤਰ ਚਤੁਰਭੁਜ ਦੇ ਲਾਗਵੇਂ ਕੋਣ 4:5 ਵਿੱਚ ਹਨ ਤਾਂ ਸਾਰੇ ਕੋਣ ਪਤਾ ਕਰੋ।

10. ਵਿਅੰਜਕ $xy(x^2y - xy^2)$ ਨੂੰ ਹੱਲ ਕਰੋ ਅਤੇ $x = 1, y = 2$ ਲਈ ਮੁੱਲ ਪਤਾ ਕਰੋ।

11. ਇੱਕ ਫੈਕਟਰੀ ਵਿੱਚ 6 ਘੰਟਿਆਂ ਵਿੱਚ 840 ਬੋਤਲਾਂ ਬਣਦੀਆਂ ਹਨ, 5 ਘੰਟਿਆਂ ਵਿੱਚ ਅਜਿਹੀਆਂ ਕਿੰਨੀਆਂ ਬੋਤਲਾਂ ਬਣਾਈਆਂ ਜਾ ਸਕਦੀਆਂ ਹਨ? **ਜਾਂ**

ਇੱਕ ਹੋਸਟਲ ਵਿਚ 100 ਵਿਦਿਆਰਥੀਆਂ ਲਈ 21 ਦਿਨਾਂ ਦਾ ਖਾਣਾ ਹੈ, ਇੱਕ ਮਹਿਨੇ ਲਈ 25 ਵਿਦਿਆਰਥੀ ਘਰ ਚਲੇ ਜਾਂਦੇ ਹਨ ਤਾਂ ਉਹ ਖਾਣਾ ਬਾਕੀ ਵਿਦਿਆਰਥੀਆਂ ਲਈ ਕਿੰਨੇ ਦਿਨ ਚੱਲੇਗਾ?

**12.** $a^2 + 3a - 18$ ਦਾ ਗੁਣਨ ਖੰਡੀਕਰਨ ਕਰੋ।

**ਜਾਂ** **ਮਿਲਾਨ ਕਰੋ**

| | |
|---|---|
| I. $x^3 + x$ | a. $x(x-1)$ |
| II. $(x+1)^2$ | b. $(x-1)(x-1)$ |
| III. $x^2 - x$ | c. $(x+1)(x+1)$ |
| IV. $(x-1)^2$ | d. $x(x^2+1)$ |

**13.** ਹੇਠਾਂ ਦਿੱਤੀ ਸਾਰਣੀ ਦਾ ਗ੍ਰਾਫ ਬਣਾਓ।

| ਭਾਰ | 2 | 4 | 6 | 8 | 10 |
|---|---|---|---|---|---|
| ਕੀਮਤ | 100 | 200 | 300 | 400 | 500 |

**14.** ਦਿੱਤੀ ਸੂਚਨਾ ਦਾ ਗੋਲ ਨਕਸ਼ਾ ਬਣਾਓ।

| ਭਾਸ਼ਾ | ਹਿੰਦੀ | ਪੰਜਾਬੀ | ਅੰਗਰੇਜ਼ੀ | ਮਰਾਠੀ | ਤਮਿਲ | ਬੰਗਾਲੀ |
|---|---|---|---|---|---|---|
| ਵਿਦਿਆਰਥੀ | 10 | 30 | 12 | 9 | 7 | 4 |

**ਜਾਂ** ਇੱਕ ਥੈਲੇ ਵਿੱਚ 5 ਲਾਲ, 7 ਸਫੈਦ, 3 ਨੀਲੇ ਬੰਟੇ ਹਨ। ਇੱਕ ਬੰਟਾਂ ਅਚਾਨਕ ਕੱਢਿਆ ਗਿਆ। ਸੰਭਾਵਨਾ ਪਤਾ ਕਰੋ ਕਿ ਬੰਟਾ

i) ਲਾਲ ii) ਸਫੈਦ

iii) ਨੀਲਾ iv) ਸਫੈਦ ਨਾ ਹੋਵੇ

**15.** 10,500 ਰਾਸ਼ੀ ਦਾ 5% ਸਲਾਨਾ ਦਰ ਨਾਲ 2 ਸਾਲਾਂ ਦਾ ਮਿਸ਼ਰਤ ਵਿਆਜ ਪਤਾ ਕਰੋ।

**ਜਾਂ** ਰਚਨਾ ਨੇ 3 ਕਿਤਾਬਾਂ ਤੇ ਕ੍ਰਮਵਾਰ ਕਟੋਤੀ 10%, 15%, 20% ਰੱਖੀ ਹੈ ਅਤੇ ਹਰੇਕ ਕਿਤਾਬ ਦਾ ਅੰਕਿਤ ਮੁੱਲ 180 ਰੁਪਏ ਹੈ, ਕੁੱਲ ਵੇਚ ਮੁੱਲ ਪਤਾ ਕਰੋ।

**16.** ਇੱਕ ਬਿਲਡਿੰਗ ਦੇ ਫਰਸ਼ ਤੇ 2400 ਸਮ ਚਤੁਰਭੁਜ ਆਕਾਰ ਦੀਆਂ ਟਾਇਲਾਂ ਲੱਗੀਆਂ ਹਨ ਜਿੰਨਾਂ ਦੇ ਵਿਕਰਨ 45 ਸੈ ਮੀ ਅਤੇ 32 ਸੈ ਮੀ ਹਨ। ਉਹਨਾਂ ਦੇ ਪਾਲਿਸ਼ ਕਰਨ ਦਾ ਖਰਚ 4 ਰੁਪਏ ਪ੍ਰਤੀ ਮੀ$^2$ ਦੀ ਦਰ ਨਾਲ ਪਤਾ ਕਰੋ।

**ਜਾਂ** ਇੱਕ ਸਿਲੰਡਰ ਦੀ ਪਾਸਵੀਂ ਸਤਾ ਦਾ ਖੇਤਰਫਲ 1056 ਸੈ ਮੀ$^2$ ਅਤੇ ਉਚਾਈ 12 ਸੈ ਮੀ ਹੈ। ਸਿਲੰਡਰ ਦਾ ਵਿਆਸ ਪਤਾ ਕਰੋ।

come-become educated Abhyaas